## ਸ਼ੇਖ ਫ਼ਰੀਦ - ਸਬਦ ੬੮

ਹੰਸੁ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ ॥

ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੧

ਹੰਸੁ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ ॥
ਗਹਿਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ ॥੬੫॥

ਸਾਰ: ਮਨੁੱਖ ਅਕਸਰ ਡਰ ਨੂੰ ਆਪਣੀਆਂ ਪ੍ਰਤੀਕਿਰਿਆਵਾਂ ਦਾ ਮਾਰਗਦਰਸ਼ਕ ਬਣਾਉਂਦੇ ਹਨ, ਕਿਸੇ ਵੀ ਸਥਿਤੀ ਨੂੰ ਪੂਰੀ ਤਰ੍ਹਾਂ ਘੋਖਿਆਂ ਉਸ ਦੇ ਨਤੀਜੇ ਕੱਢ ਲੈਂਦੇ ਹਨ। ਧਾਰਣਾਵਾਂ ਬਣਾਉਣ ਦੀ ਇਹ ਪ੍ਰਵਿਰਤੀ ਕਿਸੇ ਛੋਟੇਰੀ ਵਾਟ ਦੀ ਤਰ੍ਹਾਂ ਕਾਰਜ਼ ਕਰਦੀ ਹੈ, ਜੋ ਆਤਮ ਪੜਚੋਲ ਤੋਂ ਕਤਰਾਉਂਦੀ ਹੈ। ਅਸੀਂ ਉਪਰਲੀ ਤਹਿ ਨੂੰ ਹੀ ਅੰਤਮ ਸਬੂਤ ਜਾਣ, ਉਨ੍ਹਾਂ ਨੂੰ ਹਕੀਕਤ ਸਮਝਣ ਦੀ ਗਲਤੀ ਕਰ ਬੈਠਦੇ ਹਾਂ। ਇਸ ਕਾਰਨ ਅਸੀਂ ਤੱਥਾਂ ਦੀ ਬਜਾਏ ਪਹਿਲਾਂ ਤੋਂ ਬਣੀਆਂ ਧਾਰਣਾਵਾਂ ਦੇ ਆਧਾਰ ‘ਤੇ ਫੈਸਲੇ ਕਰਦੇ ਹਾਂ। ਇਸ ਸੁਭਾਵਿਕ ਵਿਵਹਾਰ ਤੋਂ ਉੱਪਰ ਉਠਣ ਲਈ ਗੂੜ੍ਹ ਦ੍ਰਿਸ਼ਟੀ ਦੇ ਨਾਲ-ਨਾਲ ਜੀਵਨ ਦੀਆਂ ਪੇਚਦਿਗੀਆਂ ਅਤੇ ਨਜ਼ਾਕੁਤਾ ਨੂੰ ਸਹਿਜਤਾ ਨਾਲ ਸਵੀਕਾਰ ਕਰਨ ਦੀ ਲੋੜ ਵੀ ਹੁੰਦੀ ਹੈ।

ਹੰਸੁ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ ॥
ਉੱਡਦਾ ਹੰਸ ਜਦੋਂ ਬਾਜਰੇ ਦੇ ਖੇਤ ਵਿਚ ਬੈਠਦਾ ਹੈ, ਤਾਂ ਲੋਕ ਉਸਨੂੰ ਉੱਡਾ ਦਿੰਦੇ ਹਨ। ਇਹ ਦ੍ਰਿਸ਼ ਸਾਡੇ ਸੁਭਾਵ ਨੂੰ ਦਰਸਾਉਂਦਾ ਹੈ, ਜੋ ਅਕਸਰ ਡਰ ਦੇ ਆਧਾਰ ‘ਤੇ ਹਕੀਕਤ ਨੂੰ ਬਿਨਾਂ ਸਮਝੇ ਪ੍ਰਤੀਕਿਰਿਆ ਕਰਦਾ ਹੈ, ਅਸੀਂ ਸਿਰਫ਼ ਬਾਹਰੀ ਦਿਖਾਵੇ ਦੇ ਆਧਾਰ ‘ਤੇ ਅਨੁਮਾਨ ਲਗਾ ਲੈਂਦੇ ਹਾਂ ਅਤੇ ਫ਼ੈਸਲੇ ਕਰ ਬੈਠਦੇ ਹਾਂ, ਜਿਸ ਕਾਰਨ ਅਸੀਂ ਅਸਲ ਸੱਚਾਈ ਤੋਂ ਦੂਰ ਹੋ ਜਾਂਦੇ ਹਾਂ।

ਗਹਿਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ ॥੬੫॥
ਅਣਜਾਨ ਲੋਕਾਂ ਨੂੰ ਇਹ ਨਹੀਂ ਪਤਾ ਕਿ ਹੰਸ ਬਾਜਰਾ ਨਹੀਂ ਖਾਂਦਾ। ਇਹ ਤੱਥ ਸਾਨੂੰ ਯਾਦ ਦਿਵਾਉਂਦੀ ਹੈ ਕਿ ਕੋਈ ਵੀ ਨਤੀਜਾ ਕੱਢਣ ਤੋਂ ਪਹਿਲਾਂ ਬਹੁ ਪਰਤਾਂ ਹੇਠ ਛੁਪੀ ਸਚਾਈ ਨੂੰ ਸਮਝਣਾ ਕਿੰਨਾ ਜ਼ਰੂਰੀ ਹੈ। (੬੫)

ਤੱਤ: ਸ਼ੇਖ ਫ਼ਰੀਦ ਦਰਸਾਉਂਦੇ ਹਨ ਕਿ ਕਿਸੇ ਵਿਅਕਤੀ ਦਾ ਚਰਿੱਤਰ ਅਕਸਰ ਸਿਰਫ਼ ਉਪਰਲੇ ਪ੍ਰਭਾਵਾਂ ਦੇ ਆਧਾਰ 'ਤੇ ਚੰਗਾ ਜਾਂ ਮਾੜਾ ਸਮਝ ਲਿਆ ਜਾਂਦਾ ਹੈ। ਇਕ ਹੀ ਕਰਮ ਉਸਦੀ ਸਾਖ ਬਣ ਸਕਦਾ ਹੈ, ਅਤੇ ਇਕ ਹੀ ਖਾਮੀ ਉਸਦੀ ਪਹਿਚਾਣ ਨੂੰ ਖਤਮ ਕਰ ਸਕਦੀ ਹੈ। ਜਲਦਬਾਜ਼ੀ ਵਿਚ ਲਏ ਫੈਸਲੇ ਗੰਭੀਰਤਾ ਦੀ ਬਜਾਏ ਨਿਸ਼ਚਤਤਾ ਨੂੰ ਤਰਜੀਹ ਦਿੰਦੇ ਹਨ, ਸਾਹਮਣੇ ਵਿਖਾਈ ਦੇਣ ਵਾਲੇ ਗੁਣ ਉਪਰ ਹੀ ਕੇਂਦ੍ਰਿਤ ਹੋ ਸਿੱਟਾ ਕੱਢ ਦਿੰਦੇ ਹਨ। ਜਦੋਂ ਅਸੀਂ ਨਤੀਜੇ ਜਲਦ-ਬਾਜ਼ੀ ਵਿਚ ਕੱਢਦੇ ਹਾਂ, ਤਾਂ ਅਸੀਂ ਹੋਰਾਂ ਨੂੰ ਆਪਣੇ ਤੰਗ ਨਜ਼ਰੀਏ ਨਾਲ ਵੇਖਦੇ ਹਾਂ ਅਤੇ ਆਪਣੀ ਅੰਤਰ-ਆਤਮਾ ਨਾਲ ਵੀ ਸਮਝੌਤਾ ਕਰ ਲੈਂਦੇ ਹਾਂ। ਅਸਲ ਸੂਝ ਦਾ ਅਗਾਜ਼ ਉਦੋਂ ਹੁੰਦਾ ਹੈ ਜਦੋਂ ਬਣਾਵਟੀ ਪਰਖ ਦਾ ਅੰਤ ਹੋ ਜਾਵੇ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**